# ਕਈ ਸੇਵਾਵਾਂ...
# ਇੱਕ ਟਿਕਾਣਾ।

ਸੁਰੱਖਿਆ ਦੀ ਯੋਜਨਾ ਬਣਾਉਣ, ਜਨਤਕ ਲਾਭਾਂ, ਰਿਹਾਇਸ਼ ਅਤੇ ਦੂਜੀਆਂ ਲੋੜਾਂ ਸਮੇਤ ਲੋੜੀਂਦੀਆਂ ਸੇਵਾਵਾਂ ਨਾਲ ਜੁੜਨ ਵਿੱਚ ਸਹਾਇਤਾ ਕਰਨ ਵਾਸਤੇ ਨੇਵੀਗੇਟਰ।

---

ਹਿੰਸਾ ਦੇ ਦਰਦਨਾਕ ਨਤੀਜਿਆਂ ਨਾਲ ਨਜਿੱਠ ਰਹੇ ਬਾਲਗਾਂ ਅਤੇ ਬੱਚਿਆਂ ਦੀ ਸਹਾਇਤਾ ਲਈ ਸਲਾਹਕਾਰ ਅਤੇ ਥੈਰੇਪਿਸਟ।

---

ਬਜਟ ਬਣਾਉਣ, ਕ੍ਰੈਡਿਟ ਸਥਿਤੀ ਨੂੰ ਸੁਧਾਰਨ, ਅਤੇ ਦੂਜੇ ਵਿੱਤੀ ਮਸਲਿਆਂ ਵਿੱਚ ਸਹਾਇਤਾ ਵਾਸਤੇ ਆਰਥਿਕ ਸ਼ਕਤੀਕਰਣ ਸੇਵਾਵਾਂ। ਨੌਕਰੀ ਦੀ ਟ੍ਰੇਨਿੰਗ ਅਤੇ ਵਿਦਿਅਕ ਪ੍ਰੋਗਰਾਮਾਂ ਲਈ ਰੈਫ਼ਰਲ।

---

ਰਿਹਾਇਸ਼, ਸੁਰੱਖਿਆ ਦੇ ਹੁਕਮਾਂ, ਬਾਲ ਸਹਾਇਤਾ, ਹਿਰਾਸਤ, ਮੁਲਾਕਾਤ, ਇਮੀਗ੍ਰੇਸ਼ਨ, ਅਤੇ ਤਲਾਕ ਦੇ ਮਾਮਲਿਆਂ ਸਬੰਧੀ ਸਲਾਹ ਦੇਣ ਲਈ ਵਕੀਲ।

---

ਖਾਸ ਸਰਕਾਰੀ ਵਕੀਲ ਅਤੇ ਕਾਨੂੰਨ ਲਾਗੂ ਕਰਨ ਵਾਲੇ।

---

ਸੇਵਾਵਾਂ ਪ੍ਰਾਪਤ ਕਰਨ ਦੌਰਾਨ ਆਨ-ਸਾਈਟ ਬਾਲ ਦੇਖਭਾਲ।



## PorchLight ਵਿਖੇ, ਤੁਸੀਂ ਇਕੱਲੇ ਨਹੀਂ ਹੋ।

ਪਰਿਵਾਰਕ ਨਿਆਂ ਕੇਂਦਰ (Family Justice Center) ਹਿੰਸਾ ਨੂੰ ਘਟਾਉਣ ਵਾਸਤੇ ਤਿਆਰ ਕੀਤੀਆਂ ਸੇਵਾਵਾਂ ਦੇ ਨੈੱਟਵਰਕ ਦਾ ਪ੍ਰਵੇਸ਼ ਦੁਆਰ ਹੈ। ਜਿਉਂ-ਜਿਉਂ ਅਸੀਂ ਹਿੰਸਾ ਦੀਆਂ ਘਟਨਾਵਾਂ ਨੂੰ ਘਟਾਉਂਦੇ ਹਾਂ, ਅਸੀਂ ਜਨ ਸੁਰੱਖਿਆ ਨੂੰ ਵਧਾਉਂਦੇ ਹਾਂ, ਹੱਤਿਆਂ ਦੀਆਂ ਦਰਾਂ ਨੂੰ ਘਟਾਉਣ ਵਿੱਚ ਮਦਦ ਕਰਦੇ ਹਾਂ, ਪੀੜਤਾਂ ਅਤੇ ਸਰਵਾਈਵਰਾਂ (ਬਚ ਜਾਣ ਵਾਲਿਆਂ) ਦੇ ਸਮਰਥਨ ਵਿੱਚ ਕਮਿਉਨਿਟੀਆਂ ਨੂੰ ਇਕਮੁੱਠ ਕਰਦੇ ਹਾਂ, ਅਤੇ ਵੇਲੇ ਸਿਰ ਸੇਵਾਵਾਂ ਦੇ ਕੇ ਇਹਨਾਂ ਦੇ ਅਸਰ ਨੂੰ ਵਧਾਉਂਦੇ ਹਾਂ। ਅਸੀਂ ਹਿੰਸਾ ਦੇ ਸਿਲਸਿਲੇ ਨੂੰ ਤੋੜਨ ਅਤੇ ਆਪਣੀ ਕਮਿਉਨਿਟੀ ਨੂੰ ਸੁਰੱਖਿਅਤ ਰੱਖਣ ਵਾਸਤੇ ਵਚਨਬੱਧ ਹਾਂ।

---

ਕਿਰਪਾ ਕਰਕੇ ਜਾਣਨ ਲਈ **www.porchlightfjc.org** 'ਤੇ ਜਾਓ:

- ਵਲੰਟੀਅਰ ਕਿਵੇਂ ਕਰੀਏ।
- ਦਾਨ ਕਿਵੇਂ ਕਰੀਏ।
- ਆਪਣੇ ਲਈ ਜਾਂ ਕਿਸੇ ਲੋੜਵੰਦ ਲਈ ਸੇਵਾਵਾਂ ਤਕ ਪਹੁੰਚ ਕਿਵੇਂ ਕਰੀਏ।




**PorchLight,** ਇੱਕ ਪਰਿਵਾਰਕ ਨਿਆਂ ਕੇਂਦਰ
11100 W. 8th Ave., Suite 200, Lakewood, CO 80215
303-271-6100 • www.porchlightfjc.org



**ਸਾਡਾ ਮਿਸ਼ਨ ਪੀੜਤਾਂ, ਸਰਵਾਈਵਰਾਂ ਅਤੇ ਉਹਨਾਂ ਦੇ ਬੱਚਿਆਂ ਲਈ ਜ਼ਰੂਰੀ ਸੇਵਾਵਾਂ ਨੂੰ ਇੱਕਠੇ ਇੱਕ ਜਗ੍ਹਾ ਲਿਆਉਣਾ ਹੈ ਤਾਂ ਜੋ ਇੱਕ ਸਕਾਰਾਤਮਕ ਰਾਹ ਤਿਆਰ ਜਾ ਸਕੇ, ਅਤੇ ਜਨ ਸੁਰੱਖਿਆ ਨੂੰ ਉਤਸ਼ਾਹਤ ਕੀਤਾ ਜਾ ਸਕੇ।**

PorchLight
A Family Justice Center
*You are not alone.*

---

11100 W. 8th Ave., Suite 200, Lakewood, CO 80215
**www.porchlightfjc.org**
**303-271-6100**
**ਘੰਟੇ:** ਸਵੇਰੇ 8:30 ਵਜੇ [illegible] ਸ਼ਾਮ 4:30 ਵਜੇ
ਵਾਕ-ਇਨਜ਼ ਨੂੰ ਉਤਸ਼ਾਹਤ ਕਰਦੇ ਹਾਂ। ਕਿਸੇ ਅਪੌਇੰਟਮੈਂਟ ਦੀ ਲੋੜ ਨਹੀਂ।







## PorchLight ਕਿਉਂ?

ਜੇ ਕਿਸੇ ਵਿਅਕਤੀ 'ਤੇ ਉਸ ਦੇ ਬੱਚਿਆਂ ਦੇ ਸਾਹਮਣੇ ਹਮਲਾ ਕੀਤਾ ਜਾਂਦਾ ਹੈ, ਜਾਂ ਉਹ ਹੋਰ ਤਰੀਕੇ ਨਾਲ ਹਿੰਸਾ ਦਾ ਸ਼ਿਕਾਰ ਹੈ, ਤਾਂ ਇਲਾਜ ਸ਼ੁਰੂ ਕਰਨ ਵਾਸਤੇ ਸੇਵਾਵਾਂ ਪ੍ਰਾਪਤ ਕਰਨ ਲਈ ਪਰਿਵਾਰ ਨੂੰ ਕਮਿਉਨਿਟੀ ਵਿਚਲੀਆਂ ਬਹੁਤ ਸਾਰੀਆਂ ਏਜੰਸੀਆਂ ਕੋਲ ਭੇਜਿਆ ਜਾਂਦਾ ਹੈ। PorchLight ਇੱਕੋ ਟਿਕਾਣੇ 'ਤੇ ਸੇਵਾਵਾਂ ਨੂੰ ਇਕੱਠਾ ਕਰਦੀ ਹੈ, ਜਿਸ ਨਾਲ ਸਫ਼ਰ, ਐਪਲੀਕੇਸ਼ਨਾਂ, ਕਿਸੇ ਵਿਅਕਤੀ ਨੂੰ ਕਿੰਨੀ ਵਾਰ ਆਪਣੀ ਕਹਾਣੀ ਦੱਸਣੀ ਪਵੇਗੀ, ਕੰਮ ਤੋਂ ਛੁੱਟੀ ਲੈਣਾ, ਅਤੇ ਬੱਚਿਆਂ ਦੀ ਦੇਖਭਾਲ ਦੀਆਂ ਲੋੜਾਂ ਵਗੈਰਾ ਸਭ ਘੱਟ ਜਾਂਦੇ ਹਨ। ਇਹਨਾਂ ਸੇਵਾਵਾਂ ਨੂੰ ਵਰਤਣ ਲਈ ਕੋਈ ਮੁਜਰਮਾਨਾ ਕੇਸ ਹੋਣਾ ਜ਼ਰੂਰੀ ਨਹੀਂ ਹੈ, ਅਤੇ ਸਾਰੀਆਂ ਸੇਵਾਵਾਂ ਪੀੜਤ ਜਾਂ ਬਚੇ ਹੋਏ ਵਿਅਕਤੀ ਲਈ ਮੁਫ਼ਤ ਹੁੰਦੀਆਂ ਹਨ।

## ਕੇਂਦਰ ਬਾਰੇ

PorchLight, ਇੱਕ ਪਰਿਵਾਰਕ ਨਿਆਂ ਕੇਂਦਰ ਜੈਫਰਸਨ (Jeﬀerson) ਅਤੇ ਗਿਲਪਿਨ (Gilpin) ਕਾਉਂਟੀਆਂ ਵਿੱਚ ਸੇਵਾਵਾਂ ਪ੍ਰਦਾਨ ਕਰਦਾ ਹੈ। ਹਿੰਸਾ ਦੇ ਪੀੜਤਾਂ ਅਤੇ ਸਰਵਾਈਵਰਾਂ ਲਈ ਤਾਲਮੇਲ ਨਾਲ ਸੇਵਾਵਾਂ ਪ੍ਰਦਾਨ ਕਰਨ ਵਾਸਤੇ 75 ਤੋਂ ਵੱਧ ਭਾਈਵਾਲ ਏਜੰਸੀਆਂ ਮਿਲ ਕੇ ਕੰਮ ਕਰਦੀਆਂ ਹਨ। ਪੇਸ਼ੇਵਰਾਂ ਦੀ ਇੱਕ ਬਹੁ-ਅਨੁਸ਼ਾਸਨੀ ਟੀਮ ਨੂੰ ਇੱਕੋ ਛੱਤ ਹੇਠ ਲਿਆ ਕੇ ਅਤੇ ਹਰ ਏਜੰਸੀ ਨਾਲ ਗਤੀਵਿਧੀਆਂ ਦਾ ਤਾਲਮੇਲ ਬਿਠਾ ਕੇ, ਅਸੀਂ ਜਿਨਸੀ ਹਮਲੇ, ਪਰਿਵਾਰਕ ਹਿੰਸਾ, ਬਜ਼ੁਰਗਾਂ ਨਾਲ ਦੁਰਵਿਹਾਰ, ਬੱਚਿਆਂ ਨਾਲ ਦੁਰਵਿਹਾਰ, ਜੋਖਮ ਵਿਚਲੇ ਵਿਅਕਤੀ ਨਾਲ ਦੁਰਵਿਵਹਾਰ ਅਤੇ ਮਨੁੱਖੀ ਤਸਕਰੀ ਦੇ ਪੀੜਤਾਂ ਅਤੇ ਸਰਵਾਈਵਰਾਂ ਦੀ ਵਧੇਰੇ ਕਾਰਗਰ ਤਰੀਕੇ ਨਾਲ ਸੇਵਾ ਕਰ ਸਕਦੇ ਹਾਂ।

**PorchLight**

- ਕਨੂੰਨੀ
- ਸਿੱਖਿਆ
- ਫ਼ੌਰੀ ਪ੍ਰਤਿਕਿਰਿਆ
- ਮਾਨਸਿਕ ਸਿਹਤ
- ਕਨੂੰਨ ਲਾਗੂ ਕਰਨ ਵਾਲੇ
- ਮੈਡੀਕਲ
- ਬਾਲ ਦੇਖਭਾਲ
- ਰਿਹਾਇਸ਼ / ਆਸਰਾ

**"ਸਾਡਾ ਪਰਿਵਾਰਕ ਨਿਆਂ ਕੇਂਦਰ ਇੱਕ ਨਿੱਘਾ ਅਤੇ ਮਿਲਣਸਾਰ ਜਗ੍ਹਾ ਹੈ**
ਜਿੱਥੇ ਸੇਵਾ ਪ੍ਰਦਾਤਾਵਾਂ ਦਾ ਇੱਕ ਭਾਈਚਾਰਾ ਪੀੜਤਾਂ, ਸਰਵਾਈਵਰਾਂ ਅਤੇ ਉਹਨਾਂ ਦੇ ਬੱਚਿਆਂ ਨੂੰ ਮਹੱਤਵਪੂਰਣ ਸੇਵਾਵਾਂ ਪ੍ਰਾਪਤ ਕਰਨ ਵਿੱਚ ਮਦਦ ਲਈ ਇਕੱਠਾ ਹੁੰਦਾ ਹੈ… ਸਭ ਕੁਝ ਇੱਕ ਜਗ੍ਹਾ 'ਤੇ।"

~ Candace Cooledge, ਕਾਰਜਕਾਰੀ ਨਿਰਦੇਸ਼ਕ

**"ਮੈਂ ਨਹੀਂ ਚਾਹੁੰਦੀ ਸੀ ਕਿ ਮੈਨੂੰ ਆਪਣੀ ਕਹਾਣੀ ਲੱਖਾਂ ਵਾਰ ਦਸਣੀ ਪਵੇ ...**
ਸਭ ਕੁਝ ਇੱਕੋ ਥਾਂ 'ਤੇ ਮਿਲਣਾ ਸ਼ਾਨਦਾਰ ਹੋਵੇਗਾ।"

~ ਸਰਵਾਈਵਰ